# ਤੁਹਾਡਾ ਵਿਕਸਤ ਹੋ ਰਿਹਾ ਬੱਚਾ

**ਪਹਿਲੀ ਤਿਮਾਹੀ** (ਪਹਿਲੇ 14 ਹਫਤੇ) ਤੇਜ਼ ਵਾਧੇ ਅਤੇ ਵਿਕਾਸ ਦਾ ਸਮਾਂ ਹੁੰਦਾ ਹੈ। ਇਹ ਉਹ ਸਮਾਂ ਵੀ ਹੁੰਦਾ ਹੈ ਜਦੋਂ ਤੁਹਾਡੇ ਬੱਚੇ ਨੂੰ ਸਿਗਰੇਟ ਪੀਣ, ਸ਼ਰਾਬ, ਨਸ਼ਿਆਂ, ਵਿਗਾੜ ਅਤੇ ਐਕਸ-ਰੇਆਂ ਵਰਗੇ ਖਤਰਿਆਂ ਤੋਂ ਸਭ ਤੋਂ ਵੱਧ ਜੋਖਮ ਹੁੰਦਾ ਹੈ। ਪਹਿਲੀ ਤਿਮਾਹੀ ਦੇ ਅੰਤ ਤੱਕ, ਤੁਹਾਡਾ ਬੱਚਾ ਇੱਕ ਨਿੰਬੂ ਦੇ ਆਕਾਰ ਦਾ ਹੋਵੇਗਾ!

ਤੁਹਾਡੇ ਬੱਚੇ ਦੇ ਦਿਮਾਗ ਦਾ ਵਿਕਾਸ ਅਸਲ ਵਿੱਚ **ਦੂਸਰੀ ਤਿਮਾਹੀ** (15 ਤੋਂ 27 ਹਫਤਿਆਂ) ਦੇ ਦੌਰਾਨ ਹੋਣਾ ਸ਼ੁਰੂ ਹੁੰਦਾ ਹੈ, ਅਤੇ ਉਸਦੇ ਵੀਹ ਸਾਲਾਂ ਦੇ ਵਿੱਚ ਹੋਣ ਤੱਕ ਅਜਿਹਾ ਕਰਨਾ ਜਾਰੀ ਰੱਖੇਗਾ। ਦੂਸਰੀ ਤਿਮਾਹੀ ਦੇ ਅੰਤ ਤੱਕ, ਤੁਹਾਡਾ ਬੱਚਾ ਇੱਕ ਸ਼ਕਰਕੰਦੀ ਦੇ ਆਕਾਰ ਦਾ ਹੋਵੇਗਾ!

**ਤੀਸਰੀ ਤਿਮਾਹੀ** (28 ਹਫਤਿਆਂ ਤੋਂ ਜਨਮ ਤੱਕ) ਵਿੱਚ, ਤੁਹਾਡਾ ਬੱਚਾ ਪੈਦਾ ਹੋਣ ਦੀ ਤਿਆਰੀ ਕਰ ਰਿਹਾ ਹੈ। ਜ਼ਿਆਦਾਤਰ 36 ਹਫਤਿਆਂ ਤੋਂ ਬਾਅਦ ਸੁਰੱਖਿਅਤ ਢੰਗ ਨਾਲ ਅੱਪੜ ਸਕਦੇ ਹਨ। ਉਸ ਵੇਲੇ, ਤੁਹਾਡਾ ਬੱਚਾ ਇੱਕ ਹਨੀ ਡਿਊ ਮੈਲਨ ਦੇ ਆਕਾਰ ਦਾ ਹੋਵੇਗਾ!


37 ਹਫਤਿਆਂ ਤੋਂ ਪਹਿਲਾਂ ਪੈਦਾ ਹੋਇਆ ਬੱਚਾ **ਪ੍ਰੀਟਰਮ (preterm)** ਹੁੰਦਾ ਹੈ।

37 ਅਤੇ 39 ਹਫਤਿਆਂ ਦੇ ਵਿਚਕਾਰ ਪੈਦਾ ਹੋਇਆ ਬੱਚਾ **ਅਰਲੀ ਟਰਮ (early term)** ਹੁੰਦਾ ਹੈ।

39 ਅਤੇ 41 ਹਫਤਿਆਂ ਦੇ ਵਿਚਕਾਰ ਪੈਦਾ ਹੋਇਆ ਬੱਚਾ **ਫੁੱਲ ਟਰਮ (full term)** ਹੁੰਦਾ ਹੈ।

41 ਅਤੇ 42 ਹਫਤਿਆਂ ਦੇ ਵਿਚਕਾਰ ਪੈਦਾ ਹੋਇਆ ਬੱਚਾ **ਲੇਟ ਟਰਮ (late term)** ਹੁੰਦਾ ਹੈ।

42 ਹਫਤਿਆਂ ਜਾਂ ਉਸ ਤੋਂ ਬਾਅਦ ਪੈਦਾ ਹੋਇਆ ਬੱਚਾ **ਪੋਸਟ ਟਰਮ (post term)** ਹੁੰਦਾ ਹੈ।




## ਪਹਿਲੀ ਤਿਮਾਹੀ: 0 ਤੋਂ 14 ਹਫਤੇ

**1 ਦਿਨ** – ਸ਼ੁਕਰਾਣੂ ਅਤੇ ਅੰਡਾ ਮਿਲਦੇ ਹਨ


**7-10 ਦਿਨ** – ਗਰੱਭਧਾਰਣ (fertilized) ਕੀਤਾ ਹੋਇਆ ਅੰਡਾ ਬੱਚੇਦਾਨੀ ਦੇ ਨਾਲ ਜੁੜਦਾ ਹੈ; ਪਲੇਸੈਂਟਾ ਬਣਨਾ ਸ਼ੁਰੂ ਹੁੰਦਾ ਹੈ

**2 ਹਫਤੇ** – ਬੱਚੇਦਾਨੀ ਦੀ ਦੀਵਾਰ ਤੇ ਗਰਭ ਰੂਪ ਲੈਂਦਾ ਹੈ;ਮਾਹਵਾਰੀ ਰੁਕ ਜਾਂਦੀ ਹੈ

**4 ਹਫਤੇ** – ਅੱਖਾਂ, ਕੰਨ, ਨੱਕ, ਰੀੜ੍ਹ ਦੀ ਹੱਡੀ, ਪਾਚਨ ਟ੍ਰੈਕਟ ਅਤੇ ਤੰਤੂ ਪ੍ਰਣਾਲੀ ਬਣਨੀ ਸ਼ੁਰੂ ਹੁੰਦੀ ਹੈ; ਟਿਊਬ (ਭਵਿੱਖ ਦਾ ਦਿਲ) ਧੜਕਣਾ ਸ਼ੁਰੂ ਕਰਦੀ ਹੈ

**8 ਹਫਤੇ** – ਗਰਭ ਭਰੂਣ ਬਣ ਜਾਂਦਾ ਹੈ ਅਤੇ ਉਸਦੇ ਸਾਰੇ ਅੰਗ ਹੁੰਦੇ ਹਨ; ਹੱਡੀਆਂ ਬਣਦੀਆਂ ਹਨ

**12 ਹਫਤੇ** – ਟੂਥ ਬਡ, ਉਂਗਲਾਂ ਦੇ ਨਹੁੰ ਅਤੇ ਜਣਨ ਅੰਗ ਬਣਦੇ ਹਨ; ਭਰੂਣ ਹਿਲਜੁਲ ਸਕਦਾ ਹੈ ਪਰ ਉਸ ਨੂੰ ਮਹਿਸੂਸ ਨਹੀਂ ਕੀਤਾ ਜਾ ਸਕਦਾ; ਸੰਭਵ ਹੈ ਕਿ ਡਾਕਟਰ ਦੁਆਰਾ ਦਿਲ ਦੀ ਧੜਕਣ ਸੁਣੀ ਜਾ ਸਕੇ




## ਦੂਸਰੀ ਤਿਮਾਹੀ: 15 ਤੋਂ 27 ਹਫਤੇ

16 **ਹਫਤੇ** – ਬੱਚਾ ਤੁਹਾਡੀ ਆਵਾਜ਼ ਸੁਣ ਸਕਦਾ ਹੈ; ਸੰਭਵ ਹੈ ਤੁਸੀਂ ਉਸ ਨੂੰ ਹਿਲਦੇ ਹੋਏ ਮਹਿਸੂਸ ਕਰੋ

17 **ਹਫਤੇ** – ਸੁਰੱਖਿਆ ਪ੍ਰਣਾਲੀ ਵਿਕਸਤ ਹੋਣ ਲਗਦੀ ਹੈ ਜਿਵੇਂ ਬੱਚਾ ਤੁਹਾਡੀਆਂ ਐਂਟੀਬੌਡੀਆਂ ਸਟੋਰ ਕਰਨਾ ਸ਼ੁਰੂ ਕਰਦਾ ਹੈ

20 **ਹਫਤੇ** – ਪਤਲੇ ਵਾਲ ਸਰੀਰ ਨੂੰ ਢੱਕਦੇ ਹਨ; ਭਰਵੱਟੇ ਅਤੇ ਪਲਕਾਂ ਵਧਦੀਆਂ ਹਨ; ਆਂਦਰਾਂ ਵਿੱਚ ਪਹਿਲੀ ਟੱਟੀ ("ਮੇਕੋਨਿਯਮ -meconium") ਦਿਸਦੀ ਹੈ

24 **ਹਫਤੇ** – ਸਾਹ ਲੈਣ ਦੀ ਸ਼ੁਰੂਆਤ ਹੁੰਦੀ ਹੈ

26 **ਹਫਤੇ** – ਤੁਹਾਡੇ ਪੇਟ ਦੇ ਰਾਹੀਂ ਬੱਚੇ ਦੀ ਆਉਟਲਾਈਨ ਮਹਿਸੂਸ ਕੀਤੀ ਜਾ ਸਕਦੀ ਹੈ

## ਤੀਸਰੀ ਤਿਮਾਹੀ: 28 ਹਫ਼ਤਿਆਂ ਤੋਂ ਜਨਮ ਤੱਕ

28 **ਹਫਤੇ** – ਬੱਚੇ ਪੌਸ਼ਟਿਕ ਤੱਤਾਂ ਨੂੰ ਸਟੋਰ ਕਰ ਸਕਦੇ ਹਨ ਅਤੇ ਆਵਾਜ਼ਾਂ ਤੇ ਪ੍ਰਤੀਕਿਰਿਆ ਕਰ ਸਕਦੇ ਹਨ

32 **ਹਫਤੇ** – ਚਰਬੀ ਬਣਦੀ ਹੈ; ਸਵਾਦ ਦੀ ਇੰਦਰੀ ਵਿਕਸਤ ਹੁੰਦੀ ਹੈ; ਅੱਖਾਂ ਰੌਸ਼ਨੀ ਪ੍ਰਤੀ ਪ੍ਰਤੀਕਿਰਿਆ ਕਰਦੀਆਂ ਹਨ

36 **ਹਫਤੇ** – ਸਰੀਰ ਗੁਦਗੁਦਾ ਹੈ; ਚਮੜੀ ਚਿਕਨੀ ਹੈ ਅਤੇ ਫਿੱਕੇ, ਪਨੀਰ ਵਰਗੇ ਪਦਾਰਥ ਨਾਲ ਢੱਕੀ ਹੋਈ ਹੈ

40 **ਹਫਤੇ/ਫੁੱਲ ਟਰਮ** – ਮੁੰਡਿਆਂ ਦੇ ਆਂਡ ਅੰਡਕੋਸ਼ (scrotum) ਵਿੱਚ ਹਨ; ਕੁੜੀਆਂ ਦੇ ਬਾਹਰਲੇ ਜਣਨ ਅੰਗ ਬਣਦੇ ਹਨ

40-42 **ਹਫਤੇ/ਲੇਟ ਟਰਮ** – ਸਿਰ ਤੇ ਨਰਮ ਅਸਥਾਨ ("ਫੌਂਟੇਨੇਲਜ਼" fontanels") ਛੋਟੇ ਹੋ ਜਾਂਦੇ ਹਨ; ਚਰਬੀ ਦੀ ਪਰਤ ਸੁੰਗੜਦੀ ਹੈ; ਚਮੜੀ ਖੁਸ਼ਕ ਅਤੇ ਢਿੱਲੀ ਹੈ